## SABRE (ਸਾਊਥਹਾਲ ਅਤੇ ਬਰੈਂਟ ਰੀਵਿਜ਼ਟਡ)ਸਟੱਡੀ ਦਾ ਉਦੇਸ਼ ਕੀ ਹੈ ?

ਤੁਹਾਨੂੰ ਯਾਦ ਹੋਵੇਗਾ ਕਿ ਲਗਭਗ 17 ਸਾਲ ਪਹਿਲਾਂ ਤੁਸੀਂ ਬਲੱਡ ਪ੍ਰੈਸ਼ਰ ਅਤੇ ਡਾਇਆਬੀਟੀਜ਼ ਦੀ ਸਟੱਡੀ ਲਈ ਸਾਡੀ ਮਦਦ ਕੀਤੀ ਸੀ । ਇਸ ਸਟੱਡੀ ਵਿਚ ਪੂਰਬੀ ਏਸ਼ੀਆਈ, ਅਫਰੀਕਨ ਕੈਰੀਬੀਅਨ ਅਤੇ ਯੂਰਪੀ ਮੂਲ ਦੇ ਨਿਵਾਸੀਆਂ ਨੇ ਭਾਗ ਲਿਆ ਸੀ । ਤੁਸੀਂ ਇਕ ਸਵਾਲਨਾਂਮਾ ਭਰਿਆ ਸੀ ਅਤੇ ਸਿਹਤ ਦੇ ਚੈਕ-ਅਪ ਲਈ ਕਲਿਨਿਕ ਵੀ ਆਏ ਸੀ।

ਹੁਣ ਅਸੀ ਇਹ ਜਾਨਣਾਂ ਚਾਹੁੰਦੇ ਹਾ ਕਿ ਤੁਹਾਡੀ ਸਿਹਤ ਪਹਿਲਾਂ ਵਰਗੀ ਹੀ ਹੈ ਕਿ ਉਸ ਵਿਚ ਤਬਦੀਲੀਆਂ ਆਈਆਂ ਹਨ । ਅਸੀਂ ਇਹ ਜਾਨਣਾਂ ਚਾਂਹੁੰਦੇ ਹਾ ਕਿ ਹੁਣ ਤੁਹਾਡੀ ਸਿਹਤਯਾਬ ਹੋ ਜਾਂ ਫਿਰ ਤੁਸੀ ਦਿਲ ਦੇ ਰੋਗਾਂ ਅਤੇ ਡਾਇਆਬੀਟੀਜ਼ ਜਾਂ ਖੂਨ ਦੇ ਦੌਰੇ ਨਾਲ ਸਬੰਧਿਤ ਬਿਮਾਰੀਆਂ ਜਾਂ ਇਹਨਾਂ ਬਿਮਾਰੀਆਂ ਦੇ ਅਸਾਰਾਂ ਅਤੇ ਖਤਰਿਆਂ ਨਾਲ ਗ੍ਰਸਥ ਹੋ ।

ਇਹ ਸਟੱਡੀ ਸਾਨੂੰ ਡਾਇਆਬੀਟੀਜ਼, ਦਿਲ ਦੇ ਰੋਗਾਂ ਅਤੇ ਖੂਨ ਦੇ ਦੌਰੇ ਨਾਲ ਸਬੰਧਿਤ ਬਿਮਾਰੀਆਂ ਦੇ ਹੋਣ ਦੇ ਕਾਰਨਾਂ ਨੂੰ ਸਮਝਣ ਵਿਚ ਸਹਾਇਕ ਸਿਧ ਹੋਵੇਗੀ । ਇਹ ਸਟੱਡੀ ਸਾਨੂੰ ਇਹ ਸਮਝਣ ਵਿਚ ਵੀ ਸਹਾਇਕ ਸਿਧ ਹੋਵੇਗੀ ਕਿ ਵੱਖਰੇ ਵੱਖਰੇ ਮੂਲ ਦੇ ਲੋਕਾਂ ਲਈ ਕਿਸ ਤਰਾਂ ਦੇ ਉਪਚਾਰ ਅਤੇ ਨਿਵਾਰਕ ਉਪਾਅ ਉਚਿਤ ਹੋਣਗੇ ।



SABRE ਨੂੰ ਦੋ ਰਜਿਸਟਰਡ ਚੈਰਟੀਆਂ ਵਲੋ ਮਾਲੀ ਇਮਦਾਦ ਮਿਲੀ ਹੈ, ਦਾ ਵੈਲਕਮ ਟਰੱਸਟ ਅਤੇ ਬਰਿਟਿਸ਼ ਹਾਰਟ ਫਾਂਉਡੇਸ਼ਨ ।
ਇਸ ਸਟੱਡੀ ਦੀ ਅਗਵਾਈ ਇਮਪੀਰੀਅਲ ਕਾਲਜ ਦੇ ਡਾਕਟਰ, ਨਰਸਾਂ ਅਤੇ ਖੋਜੀ ਕਰ ਰਹੇ ਹਨ ।

### ਅਸੀਂ ਇਹ ਤੁਹਾਨੂੰ ਕਿਉਂ ਲਿਖ ਰਹੇ ਹਾਂ ?

ਤੁਸੀ ਮਿਹਰਬਾਨੀ ਕਰਕੇ ਮੁਢਲੀ ਸਟੱਡੀ ਵਿਚ ਭਾਗ ਲਿਤਾ ਸੀ, ਅਸੀ ਇਸ ਲਈ ਤੁਹਾਨੂੰ ਦੁਬਾਰਾ ਨਿਮੰਤ੍ਰਣ ਦੇ ਰਹੇ ਹਾ ਕਿ ਤੁਸੀ ਨਵੀਂ ਪੈਰਵੀ (ਫੌਲੋਂ-ਅਪ)ਸਟੱਡੀ ਵਿਚ ਵੀ ਭਾਗ ਲਵੋ । ਅਸੀਂ ਮੁਡਲੀ ਅਤੇ ਨਵੀਂ ਸਟੱਡੀ ਦੇ ਮਾਪ-ਤੋਲਾਂ ਅਤੇ ਤੁਹਾਡੀ ਉਦੋਂ ਦੀ ਅਤੇ ਹੁਣ ਦੀ ਸਿਹਤ ਦੀ ਤੁਲਨਾ ਕਰਨਾ ਚਾਹੁੰਦੇ ਹਾਂ ।

### ਅਗੇ ਕੀ ਹੋਵੇਗਾ ?



ਅਸੀਂ ਤੁਹਾਨੂੰ ਚਾਰ ਤਰਾਂ ਦੀ ਸਹਾਇਤਾ ਲਈ ਕਹਾਂਗੇ । ਤੁਸੀਂ ਉਹਨਾਂ ਵਿਚੋ ਕੋਈ ਵੀ ਚੁਣ ਸਕਦੇ ਹੋ, ਇਹਨਾਂ ਸਾਰਿਆ ਨੂੰ ਚੁਣ ਸਕਦੇ ਹੋ (ਜਾਂ ਕਿਸੇ ਨੂੰ ਵੀ ਨਹੀ ਚੁਣ ਸਕਦੇ ਹੋ)

<u>1 ਸੁਵਾਲਨਾਂਮਾ</u> : ਅਸੀਂ ਤੁਹਾਨੂੰ ਵਰਤਮਾਨ ਸਮੇ ਦੀ ਸਿਹਤ ਅਤੇ ਜੀਣ ਦੇ ਅੰਦਾਜ਼ ਸਬੰਧੀ ਇਕ ਸੁਵਾਲਨਾਂਮਾ ਭਰਨ ਲਈ ਕਹਾਗੇ । ਇਸ ਨੂੰ ਭਰਨ ਲਈ 20 ਮਿੰਟ ਤੋ ਲੈ ਕੇ ਇਕ ਘੰਟੇ ਦਾ ਸਮਾਂ ਲਗੇਗਾ ।



<u>2 ਤੁਹਾਡੇ ਮੈਡੀਕਲ ਰਿਕਾਰਡ :</u> ਅਸੀਂ ਤੁਹਾਡੀ ਸਹਿਮਤੀ ਲਵਾਂਗੇ ਕਿ ਸਾਡੀ ਇਕ ਖੋਜੀ ਨਰਸ ਜਾਂ ਤੁਹਾਡਾ ਆਪਣਾ GP ਡਾਕਟਰ, ਸਾਡੇ ਲਈ ਕੁਝ ਜਾਣਕਾਰੀ ਲਿਖੇਗਾ ਜਿਹੜੀ ਕਿ ਡਾਇਆਬੀਟੀਜ਼, ਦਿਲ ਦੇ ਰੋਗਾਂ ਅਤੇ ਖੂਨ ਦੇ ਦੌਰੇ ਨਾਲ ਸਬੰਧਿਤ ਬਿਮਾਰੀਆਂ ਦੇ ਬਾਰੇ ਹੋਵੇਗੀ ਅਤੇ ਇਹਨਾ ਦੇ ਇਲਾਜ ਲਈ ਤੁਸੀ ਕਿਹੜੀਆਂ ਦਵਾਇਆਂ ਲੈ ਰਹੇ ਹੋ ।

<u>3 ਸਿਹਤ ਦਾ ਚੈਕ-ਅਪ : </u>ਅਸੀਂ ਤੁਹਾਨੂੰ ਆਪਣੇ ਕਲਿਨਿਕ St. Mary's ਵਿਖੇ ਆਉਣ ਲਈ ਕਹਾਂਗੇ ਜਿਥੇ ਤਹਾਡੇ ਕੁਝ ਟੈਸਟ ਕੀਤੇ ਜਾਣਗੇ ਅਤੇ ਤੁਹਾਡੇ ਦਿਲ, ਦਿਮਾਗ, ਖੂਨ ਦੀਆਂ ਨਾਲੀਆਂ ਦੀ ਸਿਹਤ ਬਾਰੇ ਜਾਚ ਕੀਤੀ ਜਾਏਗੀ । ਭਵਿਖ ਵਿਚ ਹੋਣ ਵਾਲੇ ਖਤਰੇ ਦੇ ਕਾਰਣਾਂ ਬਾਰੇ ਵੀ ਦੇਖਿਆ ਜਾਏਗਾ ਜਿਵੇਂ ਕਿ ਡਾਇਆਬੀਟੀਜ਼, ਪ੍ਰੀ-ਡਾਇਆਬੀਟੀਜ਼ ਅਤੇ ਜਿਆਦਾ ਬਲੱਡ ਪ੍ਰੈਸ਼ਰ ।
ਟੈਸਟਾਂ ਵਿਚ ਹੇਠ ਲਿਖੇ ਸ਼ਾਮਿਲ ਹਨ :



- ਦਿਲ ਅਤੇ ਢਿੱਡ ਦੇ CT Scan (ਜਿਵੇਂ ਕਿ ਮੈਡੀਕਲ X-ray ਹੁੰਦਾ ਹੈ)
- ਦਿਮਾਗ ਦਾ ਮੈਗਨੈਟਿਕ ਰੈਜ਼ੋਨੈਂਸ ਇਮੇਜਿੰਗ (MRI) scan
- ਦਿਲ ਅਤੇ ਵੱਡੀਆਂ ਖੂਨ ਦੀਆਂ ਨਾਲ਼ੀਆ ਦਾ ਅਲਟਰਾ-ਸਾਂਊਡ
- ਬਲੱਡ ਪ੍ਰੈਸ਼ਰ, ECG,
  ਖੂਨ ਅਤੇ ਪਿਸ਼ਾਪ ਦੀ ਜਾਂਚ ਅੱਖ ਦੇ
  ਲੈੰਸ ਅਤੇ ਅੱਖ ਦੀ ਪਿਛਲੀ
  ਦਿਵਾਰ (ਰੈਟੀਨਾ) ਦੀ ਤਸਵੀਰ
- ਤੁਹਾਡੀ ਯਾਦ ਸ਼ਕਤੀ ਅਤੇ
  ਸਮਸਿਆਂਵਾ ਨੂੰ ਸੁਲਝਾਉਣ ਬਾਰੇ ਕੁਝ ਟੈਸਟ

<u>ਇਹ ਸਾਰੇ ਟੈਸਟ ਇਕ ਸਵੇਰ ਵਿਚ ਹੋ ਜਾਣਗੇ ਅਤੇ ਬਲੱਡ-ਟੈਸਟ ਤੋ ਇਲਾਵਾ ਕਿਤੇ ਵੀ ਟੀਕੇ ਦਾ ਇਸਤੇਮਾਲ ਨਹੀ ਹੋਵੇਗਾ ਅਤੇ ਕਿਤੇ ਵੀ ਦਰਦ ਨਹੀ ਹੋਵੇਗਾ ।</u>

ਅਸੀਂ ਤੁਹਾਨੂੰ ਘਰ ਵਿਚ ਇਕ ਮੋਨੀਟਰ ਪਹਿਨਣ ਲਈ ਵੀ ਕਹਾਂਗੇ ਜਿਹੜਾ ਤੁਹਾਡੀ ਸਿਹਤ ਦੇ ਮੁਆਇਨੇ ਬਾਦ 24 ਘੰਟੇ ਤੁਹਾਡੇ ਬਲੱਡ ਪ੍ਰੈਸ਼ਰ ਦਾ ਮਾਪ ਲਏਗਾ।

ਜੇਕਰ ਤੁਹਾਨੂੰ ਡਾਇਆਬੀਟੀਜ਼ ਨਹੀਂ ਹੈ ਤਾਂ ਅਸੀ ਤੁਹਾਨੂੰ ਇਕ ਹੋਰ ਟੈਸਟ ਲਈ ਕਹਾਂਗੇ । ਇਸ ਟੈਸਟ ਨੂੰ ਦੋ ਘੰਟੇ ਦਾ ਸਮਾਂ ਲਗਦਾ ਹੈ ਅਤੇ ਉਸੇ ਦਿਨ ਹੋ ਸਕਦਾ ਹੈ ਪਰ ਜੇ ਤੁਸੀਂ ਚਾਹੋ ਤਾਂ ਕਿਸੇ ਹੋਰ ਦਿਨ ਵੀ ਆ ਕੇ ਕਰਵਾ ਸਕਦੇ ਹੋ ।

ਅਸੀਂ ਇਹਨਾਂ ਟੇਸਟਾਂ ਨੂੰ ਉਸ ਵੇਲੇ ਕਰ ਸਕਦੇ ਹਾਂ ਜਿਸ ਵੇਲੇ ਤੁਹਾਨੂੰ ਇਸ ਦੀ ਸਹੂਲਤ ਹੋਵੇ । ਇਸ ਲਈ ਅਸੀਂ ਯਾਤਾਯਾਤ ਦਾ ਇੰਤਜਾਮ ਕਰ ਸਕਦੇ ਹਾਂ ਜਾਂ ਤੁਹਾਡੇ ਵਲੋ ਖਰਚੇ ਗਏ ਕਿਰਾਏ ਨੂੰ ਵਾਪਿਸ ਕਰ ਸਕਦੇ ਹਾਂ ਅਤੇ ਤੁਹਾਡੇ ਲਈ ਹਲਕੇ ਖਾਣਪੀਣ ਦਾ ਵੀ ਪਰਬੰਧ ਕਰਾਂਗੇ ।

<u>4. ਭਵਿਖ ਵਿਚ ਹੋਣ ਵਾਲੀਆਂ ਖੋਜਾਂ</u>

ਅਸੀਂ ਤੁਹਾਨੂੰ ਪੁਛਾਂਗੇ ਕਿ ਭਵਿਖ ਵਿਚ ਹੋਣ ਵਾਲੀਆਂ ਹੋਰ ਖੋਜਾਂ ਬਾਰੇ ਜਿਹੜੀਆਂ SABRE ਸਟੱਡੀ ਨਾਲ ਸਬੰਧਿਤ ਹੋਣ ਉਹਨਾਂ ਲਈ ਜਾਂ ਤੁਹਾਡੀ ਸਿਹਤ ਦੇ ਫੌਲੋ-ਅਪ ਲਈ ਕੀ ਅਸੀਂ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ ।

**ਕੀ ਮੈਨੂੰ ਟੈਸਟਾਂ ਦੇ ਨਤੀਜਿਆਂ ਬਾਰੇ ਦੱਸਿਆ ਜਾਏਗਾ ?**

ਅਸੀਂ ਆਮ ਟੈਸਟਾਂ ਦੇ ਨਤੀਜਿਆਂ ਨੂੰ ਤੁਹਾਨੂੰ ਅਤੇ ਤੁਹਾਡੇ ਡਾਕਟਰ ਨੂੰ ਭੇਜ ਦਿਆਂਗੇ ਜੇਕਿਰ ਤੁਸੀ ਇਸ ਦੀ ਇਜਾਜਤ ਦਿਉਗੇ । ਜੇਕਰ ਸਾਨੂੰ ਲਗੇ ਕਿ ਕਿਸੇ ਹੋਰ ਜਾਂਚ ਪੜਤਾਲ ਦੀ ਲੋੜ ਹੈ, ਜਿਸ ਬਾਰੇ ਸਾਡਾ ਇਕ ਡਾਕਟਰ ਤੁਹਾਡੇ ਡਾਕਟਰ ਨਾਲ ਸਲਾਹ ਕਰਕੇ ਤੁਹਾਨੂੰ ਖਾਸ ਸਲਾਹ ਦਵੇਗਾ ਕਿ ਤੁਹਾਨੂੰ ਕਿਸ ਤਰਾਂ ਦੀ ਸਪੈਸ਼ਲਿਟ ਸਹਾਇਤਾ ਦੀ ਲੋੜ ਹੈ, ਜੇਕਿਰ ਤੁਸੀਂ ਇਸ ਤਰਾਂ ਚਾਹੋ ਤਾਂ ।

**ਕੀ ਮੈਨੂੰ ਇਸ ਵਿਚ ਭਾਗ ਲੈਣਾ ਪਵੇਗਾ ?**

ਇਹ ਤੁਹਾਡੇ ਉਤੇ ਨਿਰਭਰ ਕਰਦਾ ਹੈ ਕਿ ਤੁਸੀਂ ਇਸ ਵਿਚ ਭਾਗ ਲੈਣਾ ਹੈ ਕਿ ਨਹੀਂ । ਚਾਹੋ ਤਾਂ ਤੁਸੀਂ ਕੁਝ ਹਿੰਸਿਆਂ ਵਿਚ ਭਾਗ ਲੈ ਸਕਦੇ ਹੋ ਅਤੇ ਦੂਜੇ ਹਿੰਸਿਆਂ ਵਿਚ ਨਹੀਂ । ਤੁਸੀ ਇਸ ਵਿਚ ਭਾਗ ਲਵੋ ਜਾਂ ਨਹੀਂ ਇਸ ਦਾ ਤੁਹਾਡੇ ਆਮ ਇਲਾਜ ਉਤੇ ਕੋਈ ਅਸਰ ਨਹੀਂ ਪਵੇਗਾ । ਅਗਰ ਤੁਸੀਂ ਇਸ ਵਿਚ ਸ਼ਾਮਿਲ ਹੁੰਦੇ ਹੋ ਤਾਂ ਵੀ ਤੁਸੀ ਕਿਸੇ ਵੇਲੇ ਵੀ ਬਗੈਰ ਕਿਸੇ ਕਾਰਣ ਦਸਿਆਂ ਇਸ ਵਿਚੋਂ ਬਾਹਿਰ ਨਿਕਲ ਸਕਦੇ ਹੋ ।

ਜੇਕਰ ਤੁਸੀਂ ਇਸ ਬਾਰੇ ਕੋਈ ਨਿਰਪੱਖ ਰਾਇ ਲੈਣਾ ਚਾਹੁੰਦੇ ਹੋ ਤਾਂ ਆਪਣੇ GP ਨਾਲ ਮਸ਼ਵਰਾ ਕਰੋ ।

ਇਹ ਬਹੁਤ ਜਰੂਰੀ ਹੈ ਕਿ ਜਿਆਦਾ ਤੋ ਜਿਆਦਾ ਲੋਕ ਭਾਗ ਲੈਣ ਤਾਂ ਕਿ ਇਸ ਸਟੱਡੀ ਦੇ ਨਤੀਜੇ ਵਿਸ਼ਵਾਸੀ ਅਤੇ ਲਾਭਦਾਇਕ ਹੋਣ ।

**ਜੇਕਰ ਤੁਸੀ ਇਸ ਸਟੱਡੀ ਦੇ ਕਿਸੇ ਭਾਗ ਵਿਚ ਵੀ ਭਾਗ ਲੈਣਾਂ ਚਾਹੁੰਦੇ ਹੋ ਤਾਂ ਅਸੀਂ ਤੁਹਾਨੂੰ ਇਸ ਬਾਰੇ ਹੋਰ ਜਿਆਦਾ ਜਾਣਕਾਰੀ ਦੇ ਸਕਦੇ ਹਾਂ ਜਿਸ ਨਾਲ ਤੁਹਾਨੂੰ ਇਸ ਬਾਰੇ ਫੈਸਲਾ ਕਰਨ ਵਿਚ ਮਦਦ ਮਿਲੇਗੀ ।**

**ਹੁਣ ਤੁਸੀ ਕੀ ਚਾਹੁੰਦੇ ਹੋ ਕਿ ਮੈਂ ਕੀ ਕਰਾਂ ?**

<u>ਕਿਰਪਾ ਕਰਕੇ ਇਸ ਦੇ ਨਾਲ ਦਿਤੇ ਗਏ ਗੁਲਾਬੀ ਫਾਰਮ ਨੂੰ ਭਰ ਦਿਉ</u>

ਇਸ ਨਾਲ ਸਾਨੂੰ ਇਹ ਪਤਾ ਲਗ ਜਾਏਗਾ ਕਿ ਤੁਸੀਂ ਚਾਹੁੰਦੇ ਹੋ ਕਿ ਅਸੀ ਤੁਹਾਡੇ ਨਾਲ ਦੁਬਾਰਾ ਸੰਪਰਕ ਕਰੀਏ ਅਤੇ ਹੋਰ ਜਾਣਕਾਰੀ ਭੇਜੀਏ, ਅਤੇ ਇਹ ਵੀ ਦੱਸੋ ਕਿ ਤੁਸੀ ਇਸ ਸਟੱਡੀ ਵਿਚ ਕਿਨੀ ਦਿਲਚਸਪੀ ਨਾਲ ਭਾਗ ਲੈਣਾ ਚਾਹੋਗੇ । ਕਿਰਪਾ ਕਰਕੇ ਗੁਲਾਬੀ ਫਾਰਮ ਕੇ ਨਾਲ ਭੇਜੇ ਗਏ ਜੁਵਾਬੀ ਲਿਫਾਫੇ ਵਿਚ ਪਾ ਕੇ ਸਾਨੂੰ ਵਾਪਿਸ ਭੇਜ ਦਿਉ ।

**ਕੀ ਮੇਰੀ ਜਾਣਕਾਰੀ ਗੁਪਤ ਰੱਖੀ ਜਾਏਗੀ ?**

ਜੀ ਹਾਂ, ਅਸੀ ਇਸ ਬਾਰੇ ਵਿਚ ਨੈਤਿਕ ਅਤੇ ਕਨੂੰਨੀ ਨਿਯਮਾ ਦਾ ਪਾਲਣ ਕਰਦੇ ਹਾਂ ਅਤੇ ਤੁਹਾਡੀ ਸਾਰੀ ਜਾਣਕਾਰੀ ਨੂੰ ਪੂਰੀ ਤਰਾਂ ਗੁਪਤ ਰੱਖਿਆ ਜਾਏਗਾ ।

**ਇਸ ਸਟੱਡੀ ਦੇ ਬਾਰੇ ਹੋਰ ਜਿਆਦਾ ਜਾਣਕਾਰੀ ਕਿਥੋਂ ਮਿਲ ਸਕਦੀ ਹੈ ?**

ਇਸ ਬਾਰੇ ਵਿਚ ਤੁਸੀਂ ਕਲੇਅਰ ਟੁਸੋਨ Claire Tuson (ਖੋਜੀ ਨਰਸ) ਨਾਲ ਟੈਲੀਫੋਨ ਨੰਬਰ 020 7594 5947 ਉਤੇ ਸੰਪਰਕ ਕਰ ਸਕਦੇ ਹੋ, ਉਹ ਤੁਹਾਨੂੰ ਇਸ ਬਾਰੇ ਵਿਚ ਹੋਰ ਜਿਆਦਾ ਜਾਣਕਾਰੀ ਦੇ ਕੇ ਖ਼ੁਸ਼ੀ ਮਹਸੂਸ ਕਰਨਗੇ ਅਤੇ ਇਸ ਬਾਰੇ ਵਿਚ ਤੁਹਾਡੇ ਸੁਵਾਲਾਂ ਦੇ ਜੁਵਾਬ ਵੀ ਦੇ ਸਕਦੇ ਹਨ । ਤੁਸੀਂ ਸਾਡੀ ਵੈਬਸਾਈਟ ਤੇ ਵੀ ਜਾ ਸਕਦੇ ਹੋ :

www.sabrestudy.org.uk

ਜਾਂ ਸਾਨੂੰ ਈਮੇਲ ਵੀ ਕਰ ਸਕਦੇ ਹੋ :

<u>sabre@imperial.ac.uk</u>

Imperial College London

SABRE (ਸਾਊਥਹਾਲ ਅਤੇ ਬਰੈਂਟ ਰੀਵਿਜ਼ਟਡ)

**ਡਾਇਆਬੀਟੀਜ਼ ਅਤੇ ਦਿਲ ਦੇ ਰੋਗਾਂ ਨਾਲ ਸਬੰਧਿਤ ਸਟੱਡੀ**

sabre — Southall and Brent Revisited — Diabetes & Heart Disease Research Study

# Participant information 1

**ਭਾਗ ਲੈਣ ਵਾਲਿਆ ਲਈ ਜਾਣਕਾਰੀ ਦਾ ਕਿਤਾਬਚਾ 1**

*International Centre for Circulatory Health*
*59-61 North Wharf Road*
*London W2 1LA*

PTO